

ਰਾਇਤੂ ਬਾਜ਼ਾਰ ਦੀ ਇੱਕ ਠੇਠ ਸਟਾਲ।

ਰਾਇਤੂ ਬਾਜ਼ਾਰ ਬਦਲਵੀਂ ਮੰਡੀਕਰਨ ਪ੍ਰਣਾਲੀ

ਸੁਕੋਦੂ ਡੇ

ਰਾਇਤੂ ਬਾਜ਼ਾਰ, ਜੋ ਕਿ ਕਿਸਾਨਾਂ ਲਈ ਸਿੱਧੇ ਮੰਡੀਕਰਨ ਦੀ ਸੁਵਿਧਾ ਦੇਣ ਲਈ ਆਂਧਰਾ ਪ੍ਰਦੇਸ਼ ਵਿੱਚ ਸਰਕਾਰ ਦੀ ਇੱਕ ਪਹਿਲ ਹੈ, ਆਪਣੀ ਸਥਾਪਨਾ ਦੇ 14 ਸਾਲਾਂ ਬਾਅਦ ਵੀ ਹੋਰ ਮਜਬੂਤ ਹੋ ਰਿਹਾ ਹੈ। ਆਪਣੀਆਂ ਸਾਰੀਆਂ ਸੀਮਾਵਾਂ ਦੇ ਬਾਵਜੂਦ, ਇਹ ਪਹਿਲ ਕਿਸਾਨਾਂ ਅਤੇ ਖਪਤਕਾਰਾਂ, ਦੋਵਾਂ ਨੂੰ ਵੱਡੇ ਪੱਧਰ 'ਤੇ ਫ਼ਾਇਦਾ ਪਹੁੰਚਾ ਰਹੀ ਹੈ।

ਆਂਧਰਾ ਪ੍ਰਦੇਸ਼ 233.84 ਲੱਖ ਟਨ ਦੀ ਸੰਯੁਕਤ ਪੈਦਾਵਾਰ ਦੇ ਨਾਲ ਦੇਸ਼ ਵਿੱਚ ਫ਼ਲਾਂ ਦੇ ਉਤਪਾਦਨ ਵਿੱਚ ਦੂਸਰਾ ਅਤੇ ਸਬਜ਼ੀਆਂ ਦੇ ਉਤਪਾਦਨ ਵਿੱਚ ਚੌਥਾ ਵੱਡਾ ਉਤਪਾਦਕ ਸੂਬਾ ਹੈ। ਫਿਰ ਵੀ ਕਿਸਾਨਾਂ ਦੇ ਹਿੱਸੇ ਖਪਤਕਾਰ ਵੱਲੋਂ ਖਰਚੇ ਰੁਪਏ ਵਿੱਚੋਂ ਸਿਰਫ਼ 40 ਪੈਸੇ ਹੀ ਆਉਣ ਦਾ ਅਨੁਮਾਨ ਹੈ। ਫ਼ਲਾਂ ਅਤੇ ਸਬਜ਼ੀਆਂ ਦੀ ਮੰਡੀਕਰਨ ਪ੍ਰਣਾਲੀ ਦੇ ਕਾਰਣ ਜ਼ਿਆਦਾਤਰ ਪੈਸਾ ਵਿਚੋਲਿਆਂ ਦੇ ਹੱਥ ਚਲਾ ਜਾਂਦਾ ਹੈ। ਮੰਡੀਕਰਨ ਦੇ ਪ੍ਰੰਪਰਿਕ ਚੈਨਲ ਵਿੱਚ ਸਬਜ਼ੀਆਂ ਦੀ ਰੱਖ-ਰਖਾਵ ਵਿੱਚ 30 ਤੋਂ 35 ਪ੍ਰਤੀਸ਼ਤ ਦੇ ਵਾਧੂ ਨੁਕਸਾਨ ਦਾ ਅਨੁਮਾਨ ਹੈ। ਕਿਸਾਨਾਂ ਨੂੰ ਇੱਕ ਵਿਕਲਪਿਕ ਮੰਡੀਕਰਨ ਪ੍ਰਣਾਲੀ ਪ੍ਰਦਾਨ ਕਰਕੇ, ਵਿਵਸਥਾ ਵਿੱਚ ਮੌਜੂਦ ਕਮੀਆਂ ਨੂੰ ਕਾਫ਼ੀ ਹੱਦ ਤੱਕ ਦੂਰ ਕੀਤਾ ਜਾ ਸਕਦਾ ਹੈ।

ਰਾਇਤੂ ਬਾਜ਼ਾਰ- ਉਤਪਤੀ

ਇਹ ਇੱਕ ਆਮ ਗੱਲ ਹੈ ਕਿ ਥੋਕ ਬਾਜ਼ਾਰ ਦੀਆਂ ਕਮੀਆਂ ਦਾ ਨਤੀਜਾ ਵਿਚੋਲਿਆਂ ਦੀ ਲੰਬੀ ਲੜੀ, ਛੋਟੇ ਵਿਕਰੇਤਾ ਵੱਡੀ ਗਿਣਤੀ ਵਿੱਚ ਹੁੰਦੇ ਹਨ ਅਤੇ ਉਹਨਾਂ ਕੋਲ ਸਬਜ਼ੀਆਂ ਦੀ ਥੋੜੀ-ਥੋੜੀ ਮਾਤਰਾ ਹੋਣ ਕਰਕੇ ਖਰਚੇ ਵੱਧ ਜਾਂਦੇ ਹਨ, ਜਿਸ ਕਰਕੇ ਕੀਮਤਾਂ ਵੀ ਵੱਧ ਜਾਂਦੀਆਂ ਹਨ, ਅਨੇਕ ਜਗ੍ਹਾ ਸੰਭਾਲ, ਗੁਣਵੱਤਾ ਦਾ ਨੁਕਸਾਨ ਆਦਿ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜਿਸ ਨਾਲ ਉਹ ਕੀਮਤ ,ਜਿਸ 'ਤੇ ਖਪਤਕਾਰ ਸਬਜ਼ੀਆਂ ਖਰੀਦਦਾ ਹੈ ਅਤੇ ਜੋ ਕੀਮਤ ਉਤਪਾਦਕ ਨੂੰ ਮਿਲਦੀ ਹੈ, ਦੋਵਾਂ ਵਿੱਚ ਅੰਤਰ ਵਧ ਜਾਂਦਾ ਹੈ। ਇਸ ਲਈ ਆਧਰਾ ਪ੍ਰਦੇਸ਼ ਸਰਕਾਰ ਨੇ ਅਜਿਹੇ ਬਾਜ਼ਾਰ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਕਰਨ ਦਾ ਫੈਸਲਾ ਕੀਤਾ ਜਿੱਥੇ ਕਿਸਾਨਾਂ ਅਤੇ ਖਪਤਕਾਰਾਂ, ਦੋਵਾਂ ਨੂੰ ਫ਼ਾਇਦਾ ਮਿਲੇ। ਇਸ ਤਰ੍ਹਾਂ ਰਾਇਤੂ ਬਾਜ਼ਾਰ ਦੀ ਸਥਾਪਨਾ ਹੋਈ।

ਆਂਧਰਾ ਪ੍ਰਦੇਸ਼ ਸਰਕਾਰ ਨੇ 1999 ਵਿੱਚ ਕਿਸਾਨਾਂ ਦੁਆਰਾ ਆਪਣਾ ਸਮਾਨ ਬਿਨਾਂ ਕਿਸੇ ਵਿਚੋਲੀਏ ਦੇ ਬਾਜ਼ਾਰ ਵਿੱਚ ਲਿਆਉਣ ਅਤੇ ਵੇਚਣ ਵਿੱਚ ਮੱਦਦ ਕਰਨ ਦੇ ਮੁੱਖ ਉਦੇਸ਼ ਨਾਲ ਰਾਇਤੂ ਬਾਜ਼ਾਰ ਦੀ ਸ਼ੁਰੂਆਤ ਕੀਤੀ। ਇਸ ਨਾਲ ਜਿੱਥੇ ਕਿਸਾਨਾਂ ਨੂੰ ਉੱਚਿਤ ਮਿਹਨਤਾਨਾ ਮਿਲਣਾ ਸੁਨਿਸ਼ਚਿਤ ਹੋਇਆ, ਉੱਥੇ ਹੀ ਖਪਤਕਾਰਾਂ ਨੂੰ ਘੱਟ ਕੀਮਤ 'ਤੇ ਤਾਜ਼ਾ ਸਬਜ਼ੀਆਂ ਮਿਲਦੀਆਂ ਹਨ। ਇਸ ਤਰ੍ਹਾਂ ਦੋਵਾਂ ਨੂੰ ਹੀ ਇਸਦਾ ਲਾਭ ਮਿਲਦਾ ਹੈ।

ਰਾਇਤੂ ਬਾਜ਼ਾਰ ਵਿੱਚ ਸਿੱਧੇ ਮੰਡੀਕਰਨ ਦੀ ਉਪਯੋਗਿਤਾ ਵਿੱਚ ਆਂਧਰਾ ਪ੍ਰਦੇਸ਼ ਖੇਤੀਬਾੜੀ ਮੰਡੀਕਰਨ ਵਿਭਾਗ ਦੁਆਰਾ ਕਈ ਸੁਵਿਧਾਵਾਂ ਜਿਵੇਂ ਸਹੀ ਤੋਲ ਲਈ ਤੋਲਣ ਵਾਲੀਆਂ ਮਸ਼ੀਨਾਂ, ਆਵਾਜਾਈ, ਕਿਸਾਨਾਂ ਲਈ ਸਟਾਲ ਆਦਿ ਦੇ ਕੇ ਵਾਧਾ ਕੀਤਾ ਗਿਆ। ਇਹ ਬਾਜ਼ਾਰ ਖੇਤੀਬਾੜੀ ਮਾਰਕਿਟਿੰਗ ਕਮੇਟੀਆਂ ਦੇ ਦਾਇਰੇ ਤੋਂ ਬਾਹਰ ਕੰਮ ਕਰਦੇ ਹਨ ਅਤੇ ਆਂਧਰ ਪ੍ਰਦੇਸ਼ ਸਰਕਾਰ ਦੇ ਆਸ਼ਕਾਰੀ ਵਿਭਾਗ ਦੇ ਨਿਯੰਤ੍ਰਣ ਅਧੀਨ ਇਸਟੇਟ ਅਧਿਕਾਰੀਆਂ (ਰਾਇਤੂ ਬਾਜ਼ਾਰ ਦੇ ਪ੍ਰਸ਼ਾਸਨਿਕ ਅਧਿਕਾਰੀ) ਦੁਆਰਾ ਇਹਨਾਂ ਦਾ ਪ੍ਰਬੰਧਨ ਕੀਤਾ ਜਾਂਦਾ ਹੈ। ਵਰਤਮਾਨ ਵਿੱਚ, ਸੂਬੇ ਵਿੱਚ ਪਿਛਲੇ 14 ਸਾਲਾਂ ਤੋਂ 102 ਰਾਇਤੂ ਬਾਜ਼ਾਰ ਚੱਲ ਰਹੇ ਹਨ। ਇਹਨਾਂ ਰਾਇਤੂ ਬਾਜ਼ਾਰਾਂ ਦੀ ਤਾਕਤ ਅਤੇ ਕਮਜ਼ੋਰੀਆਂ ਨੂੰ ਸਮਝਣ ਲਈ, SWOT ਵਿਸ਼ਲੇਸ਼ਣ ਇਸਤੇਮਾਲ ਕਰਕੇ ਇੱਕ ਪ੍ਰਯੋਗਿਕ ਅਧਿਐਨ ਕੀਤਾ ਗਿਆ। ਇਹ ਲੇਖ ਇਸ ਅਧਿਐਨ ਦੇ ਨਤੀਜਿਆਂ ਅਤੇ ਸੁਧਾਰ ਲਈ ਸੁਝਾਏ ਗਏ ਕਦਮਾਂ ਉੱਪਰ ਕੇਂਦ੍ਰਿਤ ਹੈ।


ਕਾਰਜਪ੍ਰਣਾਲੀ

ਰਾਇਤੂ ਬਾਜ਼ਾਰ ਅਜਿਹੀ ਸਰਕਾਰੀ ਜਗ੍ਹਾ ਉੱਪਰ ਬਣੇ ਹਨ ਜੋ ਕਿਸਾਨਾਂ ਦੇ ਨਾਲ ਖਪਤਕਾਰਾਂ ਲਈ ਵੀ ਸੁਵਿਧਾਜਨਕ ਹਨ। ਘੱਟੋ-ਘੱਟ ਇੱਕ ਏਕੜ ਖਾਲੀ ਜ਼ਮੀਨ ਉੱਪਰ ਬਣੇ ਇਹਨਾਂ ਬਾਜ਼ਾਰਾਂ ਵਿੱਚ ਸਰਕਾਰ ਦੁਆਰਾ ਸ਼ੈੱਡ, ਪਾਣੀ ਦੀ ਪੂਰਤੀ ਲਈ ਪ੍ਰਬੰਧ, ਸਾਫ-ਸਫ਼ਾਈ ਦੀ ਸੁਵਿਧਾ ਨਾਲ ਟਾਇਲਟ, ਪਾਰਕਿੰਗ, ਸਥਾਨਕ ਪ੍ਰਸ਼ਾਸਨ ਦੁਆਰਾ ਕੂੜਾ ਹਟਾਉਣ ਅਤੇ ਬਾਜ਼ਾਰ ਦੀ ਸਫ਼ਾਈ ਦੀ ਸੁਵਿਧਾ, ਨਾ ਵਿਕੇ ਉਤਪਾਦਨ ਲਈ ਭੰਡਾਰਣ ਸੁਵਿਧਾ, ਸਭ ਕਿਸਾਨਾਂ ਲਈ ਤੋਲ ਮਸ਼ੀਨਾਂ ਦੀ ਉਪਲਬਧਤਾ, ਟੈਲੀਫੋਨ, ਫੈਕਸ ਆਦਿ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਆਂਧਰਾ ਪ੍ਰਦੇਸ਼ ਸਰਕਾਰ ਸਭ ਪੂੰਜੀਗਤ ਖਰਚਿਆਂ ਦਾ ਭਾਰ ਉਠਾਉਂਦੀ ਹੈ ਜੋ ਕਿ ਉਸ ਖੇਤਰ ਵਿੱਚ ਚੱਲ ਰਹੀਆਂ ਜ਼ਮੀਨਾਂ ਦੀ ਕੀਮਤਾਂ ਦੇ ਅਨੁਸਾਰ ਅਲੱਗ-ਅਲੱਗ ਹੁੰਦੇ ਹਨ। ਵਰਤਮਾਨ ਵਿੱਚ, ਜ਼ਿਆਦਾਤਰ ਬਾਜ਼ਾਰ ਰਾਜ ਸਰਕਾਰ ਦੁਆਰਾ ਸਥਾਪਿਤ ਕੀਤੇ ਗਏ ਹਨ। ਖੇਤੀ ਬਾਜ਼ਾਰ ਸਥਾਪਿਤ ਕਰਨ ਲਈ ਨਾਬਾਰਡ ਤੋਂ ਫੰਡ ਜੁਟਾਏ ਗਏ ਹਨ। ਬਾਜ਼ਾਰ ਲਈ ਜਗ੍ਹਾ ਵਿਕਸਿਤ ਕਰਨ ਤੋਂ ਇਲਾਵਾ, ਮੁਫ਼ਤ ਤੋਲ ਮਸ਼ੀਨਾਂ ਅਤੇ ਆਂਧਰਾ ਪ੍ਰਦੇਸ਼ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੁਆਰਾ ਚੁਣੇ ਹੋਏ ਖੇਤਰਾਂ ਵਿੱਚ ਰਾਇਤੂ ਬਾਜ਼ਾਰ ਤੱਕ ਸਬਜ਼ੀਆਂ ਲੈ ਜਾਣ ਲਈ ਕਿਸਾਨਾਂ ਨੂੰ ਮੁਫ਼ਤ ਸੁਵਿਧਾ ਦਿੱਤੀ ਜਾਂਦੀ ਹੈ। ਬਾਗਬਾਨੀ ਸੁਵਿਧਾਵਾਂ ਅਤੇ ਰਿਆਇਤੀ ਦਰਾਂ 'ਤੇ ਬੀਜਾਂ ਦੀ ਉਪਲਬਧਤਾ ਨੇ ਵੀ ਕਿਸਾਨਾਂ ਨੂੰ ਫ਼ਾਇਦਾ ਪਹੁੰਚਾਇਆ ਹੈ।
ਹਰ ਰਾਇਤੂ ਬਾਜ਼ਾਰ ਵਿੱਚ ਇੱਕ ਇਸਟੇਟ ਅਫ਼ਸਰ, ਅਸਿਸਟੈਂਟ ਇਸਟੇਟ ਅਫ਼ਸਰ, ਸੁਪਰਵਾਈਜ਼ਰ, ਰਾਤ ਦੀ ਡਿਊਟੀ ਲਈ ਚੌਕੀਦਾਰ, ਦਫ਼ਤਰ ਲਈ ਲੜਕੇ ਅਤੇ ਸਫ਼ਾਈ ਕਰਮਚਾਰੀ ਹੁੰਦੇ ਹਨ।

ਜਦ ਕਿਸਾਨ ਰਾਇਤੂ ਬਾਜ਼ਾਰ ਵਿੱਚ ਪ੍ਰਵੇਸ਼ ਕਰਦੇ ਹਨ, ਉਹਨਾਂ ਦੁਆਰਾ ਲਿਆਂਦੀਆਂ ਸਬਜ਼ੀਆਂ ਨੂੰ ਸਹੀ ਢੰਗ ਨਾਲ ਤੋਲਿਆ ਜਾਂਦਾ ਹੈ, ਫਿਰ ਉਸ ਮਾਤਰਾ ਨੂੰ ਰਜਿਸਟਰ ਵਿੱਚ ਦਰਜ਼ ਕੀਤਾ ਜਾਂਦਾ ਹੈ ਜੋ ਕਿ ਬਾਅਦ ਵਿੱਚ ਰਾਇਤੂ ਬਾਜ਼ਾਰ ਵੈੱਬਸਾਈਟ ਉੱਪਰ ਪਾ ਦਿੱਤੀ ਜਾਂਦੀ ਹੈ। ਇਸ ਤਰ੍ਹਾ ਕਿਸਾਨਾਂ ਨੂੰ ਦੇਸ਼ਪੂਰਨ ਤੋਲ ਤਰੀਕਿਆਂ ਕਰਕੇ ਨੁਕਸਾਨ ਨਹੀਂ ਉਠਾਉਣਾ ਪੈਂਦਾ। ਖਪਤਕਾਰਾਂ ਲਈ ਵੀ, ਸਬਜ਼ੀਆਂ ਨੂੰ ਸਹੀ ਤਰੀਕੇ ਨਾਲ ਤੋਲਿਆ ਜਾਂਦਾ ਹੈ ਅਤੇ ਉਹਨਾਂ ਨੂੰ ਸੁਪਰ ਮਾਰਕਿਟ ਤੋਂ 15 ਪ੍ਰਤੀਸ਼ਤ ਘੱਟ ਕੀਮਤ 'ਤੇ ਵਧੀਆਂ ਸਬਜ਼ੀਆਂ ਮਿਲ ਜਾਂਦੀਆਂ ਹਨ।

ਸਬਜ਼ੀਆਂ ਦੀ ਕੀਮਤ ਇਸਟੇਟ ਅਫ਼ਸਰ ਦੁਆਰਾ ਕਿਸਾਨਾਂ ਦੀ ਕਮੇਟੀ, ਜਿਸ ਵਿੱਚ ਉਸ ਰਾਇਤੂ ਬਾਜ਼ਾਰ ਦੇ ਅਧੀਨ ਆਉਣ ਵਾਲੇ ਹਰੇਕ ਮੰਡਲ ਦਾ ਪ੍ਰਤੀਨਿਧੀ ਸ਼ਾਮਿਲ ਹੁੰਦਾ ਹੈ, ਦੀ ਸਲਾਹ ਨਾਲ ਤੈਅ ਕੀਤੀ ਜਾਂਦੀ ਹੈ। ਇਹ



ਜਿਹੜੇ ਕਿਸਾਨਾਂ ਕੋਲ ਸਟਾਲ ਨਹੀਂ ਹੁੰਦੀ ਉਹ ਵੀ ਰਾਇਤੂ ਬਾਜ਼ਾਰ ਵਿੱਚ ਸਬਜ਼ੀਆਂ ਵੇਚਦੇ ਹਨ।

ਕਾਰਵਾਈ ਪਾਰਦਰਸ਼ੀ ਹੈ ਅਤੇ ਕੀਮਤਾਂ ਆਮ ਤੌਰ 'ਤੇ ਥੋਕ ਬਾਜ਼ਾਰ ਦੀਆਂ ਕੀਮਤਾਂ ਤੋਂ 20 ਤੋਂ 25 ਪ੍ਰਤੀਸ਼ਤ ਵੱਧ ਹੁੰਦੀਆਂ ਹਨ ਅਤੇ ਉਸ ਖੇਤਰ ਦੇ ਸਥਾਨਕ ਰਿਟੇਲ ਬਾਜ਼ਾਰ ਦੀਆਂ ਕੀਮਤਾਂ ਤੋਂ ਘੱਟ ਹੁੰਦੀਆਂ ਹਨ। ਰਾਇਤੂ ਬਾਜ਼ਾਰ ਵਿੱਚ ਸਬਜ਼ੀਆਂ ਨਕਦ ਹੀ ਖਰੀਦੀਆਂ ਜਾਂਦੀਆਂ ਹਨ ਇਸ ਲਈ ਦੇਰੀ ਨਾਲ ਭੁਗਤਾਨ ਜਾਂ ਉਧਾਰ ਦੀ ਸਮੱਸਿਆ ਨਹੀਂ ਆਉਂਦੀ।
ਹਫ਼ਤੇ ਦੇ ਦਿਨਾਂ ਦੌਰਾਨ, 1000 ਤੋਂ ਲੈ ਕੇ 2500 ਕੁਇੰਟਲ ਤੱਕ ਸਬਜ਼ੀ ਬਾਜ਼ਾਰ ਵਿੱਚ ਆਉਂਦੀ ਹੈ। ਹਫ਼ਤੇ ਦੇ ਅੰਤਲੇ ਦਿਨ ਇਹ 500 ਕੁਇੰਟਲ ਤੱਕ ਹੋਰ ਵਧ ਜਾਂਦੀ ਹੈ। ਹਫ਼ਤੇ ਦੇ ਦਿਨਾਂ ਦੌਰਾਨ ਐਸਤਨ ਲੈਣ-ਦੇਣ 10 ਤੋਂ 20 ਲੱਖ ਵਿਚਕਾਰ ਹੁੰਦੇ ਹੈ ਅਤੇ ਹਫ਼ਤੇ ਦੇ ਅਖੀਰਲੇ ਦਿਨ ਕੁੱਝ ਬਾਜ਼ਾਰਾਂ ਵਿੱਚ ਇਹ 35 ਤੋਂ 40 ਲੱਖ ਤੱਕ ਪਹੁੰਚ ਜਾਂਦਾ ਹੈ। ਮਾਡਲ ਰਾਇਤੂ ਬਾਜ਼ਾਰਾਂ ਵਿੱਚ ਜਿਵੇਂ ਹੈਦਰਾਬਾਦ ਵਿੱਚ ਇਰਾਗਾਡਾ , ਵਿੱਚ ਇਹ ਦੇਖਿਆ ਗਿਆ ਹੈ ਕਿ ਹਫ਼ਤੇ ਦੇ ਕੰਮਕਾਜੀ ਦਿਨਾਂ ਦੌਰਾਨ 300 ਤੋਂ 400 ਕਿਸਾਨ ਆਉਂਦੇ ਹਨ ਅਤੇ ਗ੍ਰਾਹਕਾਂ ਦੀ ਸੰਖਿਆ 16000 ਤੋਂ 20000 ਦਰਮਿਆਨ ਹੁੰਦੀ ਹੈ। ਹਫ਼ਤੇ ਦੇ ਅਖੀਰਲੇ ਦਿਨਾਂ ਵਿੱਚ ਜਾਂ ਛੁੱਟੀ ਵਾਲੇ ਦਿਨ ਕਿਸਾਨਾਂ ਦੀ ਸੰਖਿਆ 500 ਤੋਂ 600 ਤੱਕ ਅਤੇ ਗ੍ਰਾਹਕਾਂ ਦੀ ਸੰਖਿਆ 25000 ਤੋਂ 30000 ਤੱਕ ਹੋ ਜਾਂਦੀ ਹੈ।

ਰਾਇਤੂ ਬਾਜ਼ਾਰ ਵਿੱਚ ਸੁਪਰਵਾਈਜ਼ਰ ਬਾਜ਼ਾਰ ਵਿੱਚ ਰੋਜ਼ਾਨਾ ਆਉਣ ਵਾਲੇ ਉਤਪਾਦਨ ਦੀ ਮਾਤਰਾ ਦਾ ਹਿਸਾਬ ਰੱਖਦੇ ਹਨ। ਇਸ ਨਾਲ ਉਤਪਾਦਨ ਵਿੱਚ ਕੁੱਝ ਮਾਤਰਾ ਨੂੰ ਮੋਬਾਇਲ ਵੈਨ ,ਜਿੰਨਾਂ ਨੂੰ ਮੋਬਾਈਲ ਰਾਇਤੂ ਬਾਜ਼ਾਰ ਦੇ ਨਾਮ ਜਾਣਿਆ ਜਾਂਦਾ ਹੈ, ਰਾਹੀ ਕੁੱਝ ਚੋਣਵੇ ਇਲਾਕਿਆਂ ਵਿੱਚ ਵੇਚਣ ਲਈ ਲਿਜਾਣ ਵਿੱਚ ਮੱਦਦ ਮਿਲਦੀ ਹੈ। ਰਾਇਤੂ ਬਾਜ਼ਾਰ ਵਿਆਹ ਅਤੇ ਹੋਰ ਫੰਕਸ਼ਨਾਂ ਲਈ ਵੱਡੀ ਮਾਤਰਾ ਵਿੱਚ (ਥੋਕ) ਖਰੀਦਦਾਰੀ ਨੂੰ ਪ੍ਰੋਤਸ਼ਾਹਿਤ ਕਰਦੇ ਹਨ ਜਿਸ ਨਾਲ ਬਾਜ਼ਾਰ ਵਿੱਚ ਕਾਰੋਬਾਰ ਵਧਦਾ ਹੈ।

ਚੁਣੌਤੀਆਂ ਅਤੇ ਸੀਮਾਵਾਂ

ਹਾਲਾਂਕਿ ਰਾਇਤੂ ਬਾਜ਼ਾਰ ਨੂੰ ਸ਼ੁਰੂ ਕਰਨ ਲਈ ਮੁੱਖ ਵਿਚਾਰ ਵਿਚੋਲਿਆਂ ਨੂੰ ਹਟਾਉਣਾ ਅਤੇ ਕਿਸਾਨਾਂ ਅਤੇ ਖਪਤਕਾਰਾਂ ਵਿਚਕਾਰ ਸਿੱਧੀ ਗੱਲਬਾਤ ਲਈ ਮੰਚ ਮੁਹੱਈਆ ਕਰਵਾਉਣਾ ਸੀ, ਫਿਰ ਵੀ ਰਿਪੋਰਟ ਸਾਰੇ ਰਾਇਤੂ ਬਾਜ਼ਾਰਾਂ ਵਿੱਚ ਵਿਚੋਲੀਆਂ ਦੇ ਹੋਣ ਬਾਰੇ ਦੱਸਦੀ ਹੈ। ਕਿਸਾਨਾਂ ਵਿੱਚ ਇਸ ਗੱਲ ਨੂੰ ਲੈ ਕੇ ਅਸੰਤੁਸ਼ਟੀ ਦੀ ਥੋੜ੍ਹੀ ਭਾਵਨਾ ਹੈ ਕਿ ਅਧਿਕਾਰੀ ਰਾਇਤੂ ਬਾਜ਼ਾਰ ਦੇ ਖੇਤਰ ਵਿੱਚ ਵਿਚੋਲਿਆਂ ਦੇ ਪ੍ਰਵੇਸ਼ ਨੂੰ ਪੂਰੀ ਤਰ੍ਹਾ ਨਹੀਂ ਰੋਕ ਸਕੇ ਹਨ। ਵੱਡੇ ਪੱਧਰ 'ਤੇ ਇਹ ਆਰੋਪ ਲੱਗਦੇ ਰਹੇ ਹਨ ਕਿ ਵਪਾਰੀ ਕਿਸਾਨਾਂ ਦੇ ਬਾਜ਼ਾਰ ਵਿੱਚ ਅਸਲੀ ਪ੍ਰਮਾਣ ਪੱਤਰਾਂ ਤੋਂ ਬਿਨਾਂ ਪ੍ਰਵੇਸ਼ ਕਰਦੇ ਹਨ। ਛੋਟੇ ਕਿਸਾਨ ਜਿੰਨ੍ਹਾਂ ਲਈ ਇਹ ਬਾਜ਼ਾਰ ਵਿਕਸਿਤ ਕੀਤੇ ਗਏ ਹਨ ਉਹਨਾਂ ਨੂੰ ਆਪਣੀਆਂ ਸਬਜ਼ੀਆਂ ਵੇਚਣ ਦਾ ਮੌਕਾ ਨਹੀਂ ਮਿਲ ਪਾਉਂਦਾ। ਉਦਾਹਰਣ ਦੇ ਲਈ, ਮੇਹਦੀਪਟਨਮ ਰਾਇਤੂ ਬਾਜ਼ਾਰ ਵਿੱਚ ਕੁੱਝ ਰਿਪੋਰਟਾ ਦੱਸਦੀਆਂ ਹਨ ਕਿ ਹਰ 4 ਵਿਕ੍ਰੇਤਾਵਾ ਵਿੱਚੋ 3 ਵਿਚੋਲੀਏ ਹਨ। ਇਹ ਵਿਚੋਲੀਏ ਕੀਮਤ ਨਿਰਧਾਰਣ ਕਮੇਟੀ ਵੱਲੋਂ ਤੈਅ ਕੀਤੀ ਕੀਮਤ ਤੋਂ ਵੱਧ ਕੀਮਤ 'ਤੇ ਵੇਚਦੇ ਹਨ ਜਿਸ ਨਾਲ ਗ੍ਰਾਹਕਾਂ ਦੇ ਇੱਕ ਸਮੂਹ ਵਿੱਚ ਅਸੰਤੋਸ਼ ਵਧ ਰਿਹਾ ਹੈ।

ਕਈ ਕਿਸਾਨਾਂ ਲਈ ਇਹਨਾਂ ਬਾਜ਼ਾਰਾਂ ਵਿੱਚ ਉਚਿਤ ਬੁਨਿਆਦੀ ਸੁਵਿਧਾਵਾਂ ਦੀ ਕਮੀ ਇੱਕ ਵੱਡੀ ਸਮੱਸਿਆ ਹੈ। ਉਦਾਹਰਣ ਲਈ, ਭੰਡਾਰਣ ਸੁਵਿਧਾਵਾਂ ਦੀ ਕਮੀ ਕਰਕੇ ਸਵੇਰ ਦੇ ਮੁਕਾਬਲੇ ਸ਼ਾਮ ਨੂੰ ਘੱਟ ਕੀਮਤ ਮਿਲਦੀ ਹੈ। ਲੇਖਕ ਦੁਆਰਾ ਕੀਤੇ ਗਏ ਸਰਵੇ ਵਿੱਚ 84 ਪ੍ਰਤੀਸ਼ਤ ਕਿਸਾਨਾਂ ਨੇ ਭੰਡਾਰਣ ਸੁਵਿਧਾ ਦੇ ਪ੍ਰਬੰਧ ਪ੍ਰਤਿ ਅਸੰਤੁਸਟੀ ਜਤਾਈ। ਇਸਦੇ ਇਲਾਵਾ, ਅਣਵਿਕੀਆਂ ਸਬਜੀਆਂ ਲਈ ਕੋਲਡ ਸਟੋਰ ਦਾ ਕੋਈ ਪ੍ਰਬੰਧ ਨਹੀਂ। ਕਿਸਾਨ ਇਹ ਵੀ ਮਹਿਸੂਸ ਕਰਦੇ ਹਨ ਕਿ ਕਿਸਾਨਾਂ ਦੇ ਉਤਪਾਦ ਰਾਇਤੂ ਬਾਜ਼ਾਰ ਤੱਕ ਲਿਆਉਣ ਲਈ ਕੀਤੇ ਟਰਾਂਸਪੋਰਟ ਪ੍ਰਬੰਧ ਨਾਕਾਫ਼ੀ ਹਨ। ਇਸ ਦੇ ਨਾਲ ਹੀ ਸਟਾਲਾਂ ਦੀ ਸੰਖਿਆ ਵੀ ਨਾਕਾਫ਼ੀ ਹਨ। ਅਤੇ ਕਿਸਾਨਾਂ ਨੂੰ ਅਸਥਾਈ ਸਟਾਲਾਂ ਰਾਹੀਂ ਆਪਣਾ ਸਮਾਨ ਵੇਚਣਾ ਪੈਂਦਾ ਹੈ। ਇਹਨਾਂ ਅਸਥਾਈ ਸਟਾਲਾਂ ਦਾ ਵਰਖਾ ਦੇ ਮੌਸਮ ਵਿੱਚ ਵਪਾਰ ਉੱਪਰ ਬੁਰਾ ਅਸਰ ਪੈਂਦਾ ਹੈ। ਅਤੇ ਸਾਰੇ ਕਿਸਾਨਾਂ ਨੂੰ ਸਟਾਲਾਂ ਦੇ ਆਬੰਟਨ ਸੰਬੰਧੀ ਵਿਧੀ ਦੀ ਜਾਣਕਾਰੀ ਵੀ ਨਹੀਂ ਹੈ।

ਕਿਸਾਨਾਂ ਦੇ ਬਾਜ਼ਾਰ ਨੂੰ ਥੋਕ ਬਾਜ਼ਾਰ ਨਾਲ ਮੁਕਾਬਲੇ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਥੋਕ ਮਾਤਰਾ ਵਿੱਚ ਖਰੀਦਣ ਵਾਲੇ ਖਰੀਦਦਾਰ ਥੋਕ ਬਾਜ਼ਾਰ ਵਿੱਚ ਖਰੀਦਣਾ ਪਸੰਦ ਕਰਦੇ ਹਨ ਕਿਉਂਕਿ ਰਾਇਤੂ ਬਾਜ਼ਾਰ ਵਿੱਚ ਕੀਮਤ ਥੋਕ ਬਾਜ਼ਾਰ ਨਾਲੋਂ 20 ਪ੍ਰਤੀਸ਼ਤ ਵੱਧ ਹੁੰਦੀ ਹੈ। ਇਸਦੇ ਇਲਾਵਾ ਹੈਦਰਾਬਾਦ (7) ਅਤੇ ਆਰ ਆਰ ਜਿਲ੍ਹਿਆਂ (13) ਦੇ ਕੁੱਲ 20 ਥੋਕ ਬਾਜ਼ਾਰਾਂ ਦੀ ਤੁਲਨਾ ਵਿੱਚ ਸਿਰਫ਼ 9 ਰਾਇਤੂ ਬਾਜ਼ਾਰ ਹਨ। ਥੋਕ ਬਾਜ਼ਾਰ ਜ਼ਿਆਦਾ ਖੁਸ਼ਹਾਲ ਹਨ ਅਤੇ ਰਾਇਤੂ ਬਾਜ਼ਾਰਾਂ ਦੀ ਕਾਰਜਪ੍ਰਣਾਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੇ ਹਨ।

ਅਗਲੇਰਾ ਰਾਹ

ਹਾਲਾਂਕਿ ਰਾਇਤ ਬਾਜ਼ਾਰ ਚੁਣੌਤੀਆਂ ਨਾਲ ਲੜ੍ਹ ਰਹੇ ਹਨ ਪਰ ਉਹਨਾਂ ਦੀ ਤਾਕਤ ਵਧਾਉਣ ਨਾਲ ਇਹ ਕਿਸਾਨ ਬਾਜ਼ਾਰ ਅੱਗੇ ਵਧ ਸਕਦੇ ਹਨ। ਪਹਿਲਾਂ ਹੀ ਅਜਿਹੇ ਨਵੇਂ ਵਿਚਾਰ ਹਨ ਜੋ ਆਕਾਰ ਲੈ ਰਹੇ ਹਨ। ਜਿਵੇਂ ਜ਼ਿਆਦਾਤਰ ਬਾਜ਼ਾਰ ਸ਼ਹਿਰ ਦੀ ਮੁੱਖ ਜਗ੍ਹਾ 'ਤੇ ਹਨ ਅਤੇ ਉਹਨਾਂ ਦਾ ਹੋਰ ਵਿਸਤਾਰ ਸੰਭਵ ਨਹੀਂ, ਰਾਇਤੂ ਬਾਜ਼ਾਰਾਂ ਨੇ ਸ਼ਹਿਰ ਵਿੱਚ ਮੋਬਾਇਲ ਵੈਨ ਦੀ ਸਹਾਇਤਾ ਨਾਲ ਅਜਿਹੀਆਂ ਕਾਲੋਨੀਆਂ ਵਿੱਚ ਸਬਜੀਆਂ ਵੇਚਣੀਆਂ ਸ਼ੁਰੂ ਕੀਤੀਆਂ ਹਨ ਜਿੱਥੇ ਰਾਇਤੂ ਬਾਜ਼ਾਰ ਨਹੀਂ ਹਨ। ਜਨਸੰਖਿਆ ਦੇ ਵਧਣ ਨਾਲ ਹੋਰ ਜ਼ਿਆਦਾ ਮੋਬਾਇਲ ਰਾਇਤੂ ਬਾਜ਼ਾਰ ਕਿਸਾਨਾਂ ਲਈ ਆਮਦਨ ਵਧਾਉਣ ਦੇ ਮੌਕੇ ਪੈਦਾ ਕਰਨ ਵਿੱਚ ਮੱਦਦਗਾਰ ਹੋ ਸਕਦੇ ਹਨ।

ਕਿਸਾਨਾਂ ਨੂੰ ਖੇਤੀ ਦੇ ਨਵੇਂ ਤਰੀਕਿਆਂ ਬਾਰੇ ਜਾਗਰੂਕ ਕਰਨਾ ਅਤੇ ਸਿਖਾਉਣਾ ਸਬਜੀਆਂ ਦੀ ਖੇਤੀ ਅਧੀਨ ਖੇਤਰ ਵਧਾਉਣ ਅਤੇ ਉਤਪਾਦਨ ਵਿੱਚ ਸੁਧਾਰ ਲਈ ਮੱਦਦ ਕਰੇਗਾ। ਕਿਸਾਨਾਂ ਨੂੰ ਗ੍ਰਾਹਕਾਂ ਨਾਲ ਗੱਲਬਾਤ ਕਰਨ ਦੇ ਤਰੀਕਿਆਂ ਬਾਰੇ ਟ੍ਰੇਨਿੰਗ ਉਤਪਾਦਕ-ਗ੍ਰਾਹਕ ਰਿਸ਼ਤੇ ਬਣਾਉਣ ਵਿੱਚ ਮੱਦਦ ਕਰੇਗੀ ਜਿਸ ਨਾਲ ਗ੍ਰਾਹਕਾਂ ਦੀ ਸੰਖਿਆ ਵਧੇਗੀ।

ਮੱਦਕ ਜਿਲ੍ਹੇ ਦੇ ਨਾਰਸਾਪੁਰ ਮੰਡਲ ਦੇ ਪਿੰਡ ਨਾਇਮਾਤੁਲਾਗੁੜਾ ਦੇ 45 ਸਾਲ ਦੇ ਕਿਸਾਨ ਬਾਬਜੀ ਦੀ ਆਮਦਨ ਵਿੱਚ 35 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਜਦੋਂ ਤੋਂ ਉਹਨਾਂ ਨੇ ਇਸ ਬਾਜ਼ਾਰ ਵਿੱਚ ਆਪਣੇ ਫ਼ਤਪਾਦ ਵੇਚਣੇ ਸ਼ੁਰੂ ਕੀਤੇ ਹਨ। 5 ਮੈਂਬਰਾਂ ਦੇ ਪਰਿਵਾਰ ਵਿੱਚ ਬਾਬਜੀ ਅਤੇ ਉਹਨਾਂ ਦੇ ਪਿਤਾ ਖੇਤੀ ਦਾ ਕੰਮ ਕਰਦੇ ਹਨ ਅਤੇ ਸਿਰਫ਼ ਬਾਬਜੀ ਆਪਣੇ ਉਤਪਾਦ ਖੁਦ ਵੇਚਦੇ ਹਨ। ਇਸ ਵਧੀ ਹੋਈ ਆਮਦਨ ਕਰਕੇ ਇਹ ਅਨਪੜ੍ਹ ਕਿਸਾਨ ਆਪਣੇ ਦੋਵੇਂ ਬੱਚਿਆਂ ਨੂੰ ਸਕੂਲ ਭੇਜ ਸਕੇ ਹਨ। ਬਾਬਜੀ ਵਾਗ ਹੋਰ ਵੀ ਕਈ ਕਿਸਾਨ ਹਨ ਜਿੰਨਾਂ ਨੂੰ ਇਸ ਬਾਜ਼ਾਰ ਤੋਂ ਫਾਇਦਾ ਹੋਇਆ ਹੈ।

ਸੁਭੇਦੂ ਡੇ
ਡੀਨ ਅਤੇ ਕੈਂਪਸ ਮੁਖੀ
ਗਲੋਬਸੀਅਨ ਬਿਜਨੈੱਸ ਸਕੂਲ
ਰਾਸ਼ਟਰੀ ਕੈਂਪਸ, ਮਾਊਜਾ ਚੰਡੀ
ਪੀ ਐਸ ਸ਼ਿਸ਼ਨਪੁਰ
ਅਮਤਾਲਾ, ਜੇ ਐੱਲ ਨੰ 10
ਡੀ. ਟੀ. 24, ਪਰਗਨਾ ਦੱਖਣੀ,
ਡੀ. ਐੱਚ. ਰੋਡ, ਕੱਲਕਤਾ-743503
ਪੱਛਮੀ ਬੰਗਾਲ.
E-mail: dey004@gmail.com
Www.globsyn.edu.in

Rythu Bazaars
(The alternative marketing channel)
LEISA INDIA, VOL- 15, NO.2, June 2013.